**ਵਿਸ਼ਾ:-** **ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 08.08.2016 ਨੂੰ ਹੋਈ ਸਿਵਲ ਸਰਜਨਸ ਮਹੀਨਾਵਾਰ ਰੀਵਿਊ ਮੀਟਿੰਗ ਦੀ ਪ੍ਰੋਸੀਡਿੰਗ।**

ਮਿਤੀ 08.08.2016 ਨੂੰ ਸਿਵਲ ਸਰਜਨਸ ਦੀ ਮਹੀਨਾਵਾਰ ਰੀਵਿਊ ਮੀਟਿੰਗ ਦਾ ਆਯੋਜਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਫੇਜ਼-6, ਮੋਹਾਲੀ ਦੇ ਕਮੇਟੀ ਰੂਮ ਵਿੱਚ ਕੀਤਾ ਗਿਆ। ਇਸ ਮੀਟਿੰਗ ਵਿੱਚ ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਸੁਰਜੀਤ ਕੁਮਾਰ ਜਿਆਣੀ, ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਸ੍ਰੀਮਤੀ ਵਿਨੀ ਮਹਾਜਨ ਆਈ.ਏ.ਐਸ, ਐਮ.ਡੀ. ਐਨ.ਐਚ.ਐਮ ਅਤੇ ਪੀ.ਐਚ.ਐਸ.ਸੀ. ਸ੍ਰੀ ਹੁਸਨ ਲਾਲ ਆਈ.ਏ.ਐਸ, ਸਪੈਸਲ ਸਿਹਤ ਸਕੱਤਰ ਸ੍ਰੀ ਵਿਕਾਸ ਗਰਗ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਡਾ: ਹਰਿੰਦਰਪਾਲ ਸਿੰਘ ਬਾਲੀ, ਡਾਇਰੈਕਟਰ ਪਰਿਵਾਰ ਭਲਾਈ ਡਾ: ਧਰਮਪਾਲ, ਡਾਇਰੈਕਟਰ ਈ.ਐਸ.ਆਈ ਡਾ: ਗੁਲਸ਼ਨ ਰਾਏ, ਡਾਇਰੈਕਟਰ ਆਯੁਰਵੈਦਾ ਡਾ: ਰਾਕੇਸ ਸਰਮਾ, ਡਾਇਰੈਕਟਰ ਹੋਮਿਓਪੈਥੀ ਡਾ: ਰਮੇਸ਼ ਸ਼ਾਰਦਾ, ਰਾਜ ਪੱਧਰੀ ਸਮੂਹ ਸਿਹਤ ਪ੍ਰੋਗਰਾਮ ਅਫਸਰਾਂ ਤੋਂ ਇਲਾਵਾ ਸਮੂਹ ਸਿਵਲ ਸਰਜਨ ਪੰਜਾਬ ਰਾਜ ਹਾਜ਼ਰ ਹੋਏ। ਮੀਟਿੰਗ ਦੀ ਕਾਰਵਾਈ ਰਿਪੋਰਟ ਹੇਠ ਦਰਸਾਏ ਅਨੁਸਾਰ ਹੈ:-

ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਸੁਰਜੀਤ ਕੁਮਾਰ ਜਿਆਣੀ ਅਤੇ ਸਮੂਹ ਅਫ਼ਸਰ ਸਾਹਿਬਾਨ ਨੂੰ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ: ਹਰਿੰਦਰਪਾਲ ਸਿੰਘ ਬਾਲੀ ਜੀ ਵੱਲੋਂ 'ਜੀ ਆਇਆ' ਨੂੰ ਕਿਹਾ ਗਿਆ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਸੁਰਜੀਤ ਕੁਮਾਰ ਜਿਆਣੀ ਜੀ** ਵੱਲੋਂ ਸਮੂਹ ਸਿਵਲ ਸਰਜਨਾਂ ਨੂੰ ਫੀਲਡ ਵਿੱਚ ਆਉਂਦੀਆ ਸਮੱਸਿਆਵਾਂ ਵੀ ਸੁਣੀਆਂ ਅਤੇ ਉਹਨਾ ਨੂੰ ਹੱਲ ਕੀਤਾ ਗਿਆ। ਸਿਹਤ ਮੰਤਰੀ ਜੀ ਵੱਲੋਂ ਮੀਟਿੰਗ ਦੌਰਾਨ ਲਏ ਗਏ ਨਿਰਣਿਆ/ਦਿਸ਼ਾ ਨਿਰਦੇਸਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

- ਸਿਵਲ ਸਰਜਨਸ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਜੋ ਫੈਸਲੇ ਲਏ ਜਾਂਦੇ ਹਨ ਉਹਨਾ ਨੂੰ ਗਰਾਊਂਡ ਲੈਵਲ ਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾ/ਹਸਪਤਾਲਾਂ ਵਿੱਚ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਬਾਥਰੂਮਾ ਦੀ ਸਫਾਈ ਯਕੀਨੀ ਬਣਾਈ ਜਾਵੇ। ਦੀਵਾਰਾ ਤੇ ਆਉਦੀ ਸਿੱਲ ਜਾਂ ਪੇਪੜੀ ਨੂੰ ਬੁਰਸ਼ ਨਾਲ ਸਾਫ ਕਰਕੇ ਪੇਂਟ ਕਰਵਾਇਆ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾਂ/ਹਸਪਤਾਲਾਂ ਵਿੱਚ ਨਵੇਂ ਰੁੱਖ ਲਗਾਏ ਜਾਣ ਅਤੇ ਨਵੇ ਰੁੱਖਾਂ ਦੀ ਸਾਂਭ ਸੰਭਾਲ ਵੀ ਕੀਤੀ ਜਾਵੇ। ਝਾੜੀਆ ਕਟਵਾਈਆ ਜਾਣ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਪੁਰਾਣੇ ਜੰਗ ਲੱਗੇ ਸਮਾਨ ਨੂੰ (ਜਿਵੇ ਕੂਲਰ, ਬੈੱਡ, ਸਟੈਂਡ, ਸਟਰੈਚਰ) ਵਧੀਆ ਪੇਂਟ ਕਰਵਾਇਆ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾ/ਹਸਪਤਾਲਾਂ ਦੇ ਐਮਰਜੈਂਸੀ ਵਾਰਡ ਅਤੇ ਡਾਕਟਰ ਦਾ ਕਮਰਾ ਵਾਤਾਅਨੁਕੂਲਿਤ ਹੋਵੇ।ਵਾਰਡਾਂ ਵਿੱਚ ਸਾਫ ਸੁਥਰੀਆ ਚਾਦਰਾਂ ਵਿੱਛੀਆ ਹੋਣ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾ/ਹਸਪਤਾਲਾਂ ਦੇ ਇੰਚਾਰਜ/ਐਸ.ਐਮ.ਓ ਦਿਨ ਵਿੱਚ ਘੱਟੋ-ਘੱਟ ਦੋ ਵਾਰੀ ਸੰਸਥਾਵਾਂ ਦਾ ਦੌਰਾ ਕਰਨ ਅਤੇ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਿਹਤ ਸੰਸਥਾਵਾ/ਹਸਪਤਾਲਾਂ ਵਿੱਚ ਵਾਧੂ ਪਏ ਕਬਾੜ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾ ਨੂੰ ਬਿਨਾ ਮਤਲਬ ਤੋਂ ਰੈਫਰ ਨਾ ਕੀਤਾ ਜਾਵੇ। ਅਗਰ ਕਰਨਾ ਹੀ ਪੈਂਦਾ ਹੈ ਤਾਂ ਉਸ ਬਾਰੇ ਐਸ.ਐਮ.ਓ ਨੂੰ ਸੂਚਿਤ ਕੀਤਾ ਜਾਵੇ ਅਤੇ ਰੈਫਰ ਕਰਨ ਦੇ ਕਾਰਨ ਸਪਸ਼ੱਟ ਕੀਤੇ ਜਾਣ।ਐਂਬੂਲੈਂਸ ਦਾ ਪ੍ਰਬੰਧ ਕੀਤਾ ਜਾਵੇ ਅਤੇ ਰੈਫਰ ਕੀਤੇ ਹਸਪਤਾਲ ਨੂੰ ਅਗ੍ਹਾਂ ਸੂਚਿਤ ਕੀਤਾ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਹਸਪਤਾਲਾਂ ਦਾ Entry Gate ਵਧੀਆ ਹੋਵੇ। ਉਸ ਤੇ ਪੇਂਟ ਕਰਵਾਇਆ ਜਾਵੇ ਅਤੇ ਸਾਇਨ ਬੋਰਡ ਅੱਛੇ ਹੋਣ। ਹਸਪਤਾਲਾਂ ਦੀ ਅੰਦਰਲੀ ਸੜਕਾਂ ਦੀ ਮੁਰੰਮਤ ਕਰਵਾਈ ਜਾਵੇ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**
- ਸਾਰੇ ਹੀ ਅਧਿਕਾਰੀ/ ਕਰਮਚਾਰੀ ਸਮੇਂ ਸਿਰ ਆਪਣੀ ਡਿਊਟੀ ਤੇ ਆਉਣ ਅਤੇ ਆਪਣੇ ਕੰਮ ਵੱਲ ਵਿਸ਼ੇਸ਼ ਧਿਆਨ ਦੇਣ।

  **(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

**ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਸ੍ਰੀਮਤੀ ਵਿਨੀ ਮਹਾਜਨ ਜੀ** ਵੱਲੋਂ ਸਮੂਹ ਸਿਵਲ ਸਰਜਨਾਂ ਦੁਆਰਾ ਪਿਛਲੇ ਕੀਤੇ ਕੰਮਾਂ/ਨੈਸ਼ਨਲ ਸਿਹਤ ਪ੍ਰੋਗਰਾਮਾਂ ਦਾ ਜਾਇਜ਼ਾ ਲਿਆ ਗਿਆ। ਪ੍ਰਮੁੱਖ ਸਕੱਤਰ ਸਿਹਤ ਜੀ ਵੱਲੋਂ ਸਮੂਹ ਸਿਵਲ ਸਰਜਨਾਂ ਨੂੰ ਫੀਲਡ ਵਿੱਚ ਆਉਂਦੀਆ ਸਮੱਸਿਆਵਾਂ ਵੀ ਸੁਣੀਆਂ ਅਤੇ ਉਹਨਾ ਨੂੰ ਹੱਲ ਕੀਤਾ ਗਿਆ। ਮਾਨਯੋਗ ਪ੍ਰਮੁੱਖ ਸਕੱਤਰ ਜੀ ਵਲੋ ਸਿਵਲ ਸਰਜਨਸ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਲਏ ਗਏ ਨਿਰਣਿਆ/ਦਿਸ਼ਾ ਨਿਰਦੇਸਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈਤ:-

- ਜ਼ਿਲ੍ਹਾਵਾਰ ਰੀਹੈਬੀਲੀਟੇਸ਼ਨ ਸੈਂਟਰ ਅਤੇ ਡਰੱਗ ਡੀ-ਐਡੀਕਸ਼ਨ ਸੈਂਟਰਾ ਦੇ ਕੰਮ ਦਾ ਰਿਵਿਊ ਕੀਤਾ ਗਿਆ ਹੈ। ਸਾਰੇ ਹੀ ਜ਼ਿਲ੍ਹੇ ਸੈਂਟਰਾ ਨੂੰ ਚੰਗੇ ਤਰੀਕੇ ਅਤੇ ਸਹੀ ਢੰਗ ਨਾਲ ਚਲਾਉਣਾ ਯਕੀਨੀ ਬਣਾਉਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹੈਪਾਟਾਈਟਸ-ਬੀ ਦੀ ਖੁਰਾਕ ਬੱਚੇ ਦੇ ਜਨਮ ਸਮੇਂ 24 ਘੰਟੇ ਦੇ ਅੰਦਰ ਦੇਣੀ ਜਰੂਰੀ ਹੈ। ਅਗਰ ਕਿਸੇ ਬੱਚੇ ਦਾ ਜਨਮ ਪ੍ਰਾਈਵੇਟ ਹਸਪਤਾਲ ਵਿੱਚ ਹੁੰਦਾ ਹੈ ਤਾਂ ਉਸ ਨੂੰ ਇਹ ਖੁਰਾਕ ਮੁਫ਼ਤ ਮੁਹੱਈਆ ਕਰਵਾਈ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਡੇਂਗੂ, ਹੈਜਾ, ਡਾਇਰੀਆ, ਗੈਸਟਰੋਇੰਟਰਟਾਈਟਸ ਦੇ ਸੰਬੰਧ ਵਿੱਚ ਗੰਦੇ ਪਾਣੀ ਬਾਰੇ ਤੁਰੰਤ ਮਿਊਂਸਪਲ ਕਮੇਟੀ/ਨਗਰ ਨਿਗਮ ਨੂੰ ਲਿਖ ਦਿੱਤਾ ਜਾਵੇ। ਅਤੇ ਇਸ ਦੀ ਸੂਚਨਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਲੈਬਾਰਟਰੀਆ ਨੂੰ ਚੰਗੇ ਤਰੀਕੇ ਨਾਲ ਚਲਾਇਆ ਜਾਵੇ। ਲੈਬ ਵਿੱਚ ਸਾਰੇ ਰੀਜੇਂਟ ਹੋਣੇ ਚਾਹੀਦੇ ਹਨ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਿਹਤ ਸੰਸਥਾਵਾ/ਹਸਪਤਾਲਾਂ ਵਿੱਚ ਈ.ਡੀ.ਐਲ ਦੀਆ ਸਾਰੀਆਂ ਦਵਾਈਆਂ ਹੋਣੀਆਂ ਯਕੀਨੀ ਬਣਾਈਆ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਰ ਇੱਕ ਸਿਹਤ ਸੰਸਥਾ/ਜ਼ਿਲ੍ਹਾ ਹਸਪਤਾਲ/ਐਸ.ਡੀ.ਐਚ ਵਿੱਚ ਫਰੀ ਐਮਰਜੇਂਸੀ, ਫਰੀ ਗਰਲ ਚਾਈਲਡ, ਜੇ.ਐਸ.ਐਸ.ਕੇ ਅਤੇ ਹੋਰ ਸਕੀਮਾ ਤੇ ਖਰਚ ਕਰਨਾ ਯਕੀਨੀ ਬਣਾਇਆ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹਰ ਇੱਕ ਪ੍ਰੋਗਰਾਮ ਦੀਆ ਰਿਪੋਰਟਾ ਦਾ ਫਿਜ਼ੀਕਲ ਅਤੇ ਫਾਇਨੈਂਸ਼ੀਅਲ ਡਾਟਾ ਮੈਚ ਕਰਦਾ ਹੋਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜੇਕਰ ਕੋਈ ਕਰਮਚਾਰੀ ਕੰਮ ਨਹੀਂ ਕਰਦਾ ਤਾਂ ਨੋ ਵਰਕ, ਨੋ ਪੇਅ ਦਾ ਨਿਯਮ ਲਾਗੂ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅੱਜ ਕੱਲ ਸਰਵਿਕਸ ਕੈਂਸਰ ਲੜਕੀਆ ਅਤੇ ਔਰਤਾ ਵਿੱਚ ਫੈਲ ਰਿਹਾ ਹੈ। ਇਸ ਲਈ ਸਰਵਿਕਸ ਕੈਂਸਰ ਦੀ ਵੈਕਸੀਨ ਟੀਕਾਕਰਨ ਪ੍ਰੋਗਰਾਮ ਵਿੱਚ ਸਾਮਲ ਕੀਤੀ ਜਾ ਰਹੀ ਹੈ। ਪੰਜਾਬ ਪਹਿਲਾ ਰਾਜ ਹੋਵੇਗਾ ਜੋ ਇਸ ਵੈਕਸੀਨ ਨੂੰ ਪੂਰੀ ਤਰ੍ਹਾ ਮੁਫ਼ਤ ਮੁਹੱਈਆ ਕਰਵਾਏਗਾ। WHO ਅਨੁਸਾਰ 9 ਤੋ 12 ਸਾਲ ਤੱਕ ਦੀਆ ਕਿਸ਼ੋਰੀਆ ਨੂੰ ਇਹ ਵੈਕਸੀਨ ਲਗਾਈ ਜਾਵੇਗੀ। ਇਸ ਵੈਕਸੀਨ ਦੀਆ ਦੋ ਖੁਰਾਕਾ ਦੇਣੀਆ ਹੀ ਕਾਫੀ ਹਨ। ਪਹਿਲੀ ਖੁਰਾਕ ਦੇਣ ਤੋ ਬਾਅਦ ਦੂਜੀ ਖੁਰਾਕ 6 ਤੋ 12 ਮਹੀਨੇ ਦੇ ਵਕਫੇ ਤੇ ਲੱਗਣੀ ਜਰੂਰੀ ਹੈ।

**(ਸਮੂਹ ਸਿਵਲ ਸਰਜਨ ਦੇ ਸੂਚਨਾ ਹਿਤ)**

- ਸਾਈਜੇਰੀਅਨ ਕੇਸ ਵਿੱਚ ਮਾਵਾਂ ਨੂੰ ਬੱਚੇ ਨੂੰ ਦੁੱਧ ਪਿਲਾਉਣ ਲਈ ਸਟਾਫ ਨਰਸਾ ਜਾਂ ਬੱਚਿਆ ਦਾ ਡਾਕਟਰ ਮੱਦਦ ਕਰਨ ਅਤੇ ਨਾਲ ਹੀ ਮਾਵਾਂ ਨੂੰ ਇਸ ਸੰਬੰਧ ਵਿੱਚ ਜਾਗਰੂਕ ਕੀਤਾ ਜਾਵੇ ਕਿ ਬੱਚੇ ਨੂੰ ਦੁੱਧ ਕਿਸ ਤਰਾ ਪਿਲਾਇਆ ਜਾਵੇ। ਇਸ ਲਈ ਪੋਸਟਰ ਬਣਾ ਕੇ ਦਰਸਾਇਆ ਜਾਵੇ।

**(ਸਮੂਹ ਸਿਵਲ ਸਰਜਨ ਅਤੇ ਡੀ.ਐਫ.ਡਬਲਯੂ ਕਾਰਵਾਈ ਕਰਨ)**

- ਸਮੇਂ ਸਮੇਂ ਤੇ ਜੇਲ੍ਹਾਂ ਵਿੱਚ ਮੈਡੀਕਲ ਸਪੈਸ਼ਲਿਸਟ ਡਾਕਟਰ ਭੇਜੇ ਜਾਣ ਜੋ ਛਾਤੀ, ਐਚ.ਆਈ.ਵੀ ਅਤੇ ਹੈਪਾਟਾਈਟਸ ਸੀ ਬਾਰੇ ਨਿਰੀਖਣ ਕਰਨ। ਨਾਲ ਹੀ ਨਾਰੀ ਨਿਕੇਤਨ ਵਿੱਚ ਗਾਈਨੀਕੋਲੋਜਿਸਟ ਅਤੇ ਬੱਚਿਆ ਦੇ ਇੰਸਟੀਚਿਊਟ ਵਿੱਚ ਬੱਚਿਆ ਦੇ ਮਾਹਿਰ ਡਾਕਟਰ ਭੇਜੇ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅਗਰ ਕੋਈ ਆਊਟਬਰੇਕ ਹੁੰਦੀ ਹੈ ਤਾਂ ਸਿਵਲ ਸਰਜਨ ਤੁਰੰਤ ਜਰੂਰੀ ਕਾਰਵਾਈ ਕਰਨ ਅਤੇ ਉਸ ਥਾਂ ਤੇ ਤੁਰੰਤ ਪਹੁੰਚਣ। ਮੀਡੀਆ ਨੂੰ ਸੂਚਿਤ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹੈਪਾਟਾਈਟਸ ਸੀ ਦਾ ਰੀਵਿਊ ਕੀਤਾ ਜਾਵੇ। ਹਸਪਤਾਲ ਵਿੱਚ ਕਿੰਨੇ ਕੇਸ ਪੋਜੇਟਿਵ ਆਏ ਹਨ ਅਤੇ ਕਿੰਨੇ ਠੀਕ ਹੋ ਕੇ ਗਏ ਹਨ ਅਤੇ ਯਕੀਨੀ ਬਣਾਇਆ ਜਾਵੇ ਕਿ ਸਟਾਫ ਠੀਕ ਢੰਗ ਨਾਲ ਕੰਮ ਕਰ ਰਿਹਾ ਹੈ ਕਿ ਨਹੀ। ਮੈਡੀਕਲ ਸਪੈਸ਼ਲਿਸਟ ਡਾਕਟਰਾ ਦੁਆਰਾ ਜਿੰਨੀਆ ਦਵਾਈਆ ਪਈਆ ਹਨ,ਉਸਦਾ ਰੀਵਿਊ ਕੀਤਾ ਜਾਵੇ। ਕੋਈ ਵੀ ਮਰੀਜ ਬਿਨਾ ਦਵਾਈ ਤੋਂ ਨਾ ਜਾਵੇ।ਘੱਟੋ-ਘੱਟ ਤਿੰਨ ਮਹੀਨੇ ਦਾ ਦਵਾਈਆ ਦਾ ਸਟਾਕ ਹੋਣਾ ਜਰੂਰੀ ਹੈ।ਅਗਰ ਕੋਈ ਦਿੱਕਤ ਆਉਦੀ ਹੈ ਤਾ ਡਾ. ਅਜੈ ਬੱਗਾ ਜੀ (ਪੀ.ਐਚ.ਐਸ.ਸੀ. ਮੋਹਾਲੀ) ਨਾਲ ਤਾਲਮੇਲ ਕੀਤਾ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜਿਹੜੇ ਬਲੱਡ ਬੈਂਕਾ ਦੇ ਲਾਇਸੈਂਸ ਰੀਨਿਊ ਕਰਨ ਵਾਲੇ ਹਨ, ਉਹ ਰੀਨਿਊ ਕਰਵਾ ਲਏ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਡਲੀਵਰੀ ਸਹੀ ਤਰੀਕੇ ਨਾਲ ਹੋਵੇ। ਇਸ ਲਈ ਜਿੱਥੇ ਵੱਧ ਡਲੀਵਰੀਆ ਹੁੰਦੀਆ ਹਨ ਉਥੇ ਆਰ ਬੀ ਐਸ ਕੇ ਤੋ ਇਕ ਗੱਡੀ ਲੈ ਲਓ। ਇਸ ਗੱਡੀ ਵਿੱਚ ਮਾਂ ਅਤੇ ਬੱਚੇ ਨੂੰ ਬਿਨਾਂ ਕਿਸੇ ਦਿੱਕਤ ਤੋ ਘਰ ਛੱਡਿਆ ਜਾਵੇ ।ਇਹ ਗੱਡੀ 10 ਤੋ 50 ਕਿਲੋਮੀਟਰ ਤੋ ਜਿਆਦਾ ਨਾ ਚੱਲੇ। ਗੱਡੀ ਮੁੱਹਈਆ ਨਾ ਹੋਣ ਦੀ ਹਾਲਤ ਵਿੱਚ ਗੱਡੀ ਬਾਹਰੋ ਟੈਕਸੀ ਸਟੈਂਡ ਨਾਲ ਤਾਲਮੇਲ ਕਰਕੇ ਫਿਕਸ ਰੇਟ ਤੇ ਲੈ ਲਈ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਅਰਬਨ ਹੈਲਥ ਮਿਸ਼ਨ ਅਧੀਨ ਜਿੰਨੀਆ ਵੀ ਨਵੀਆ ਡਿਸਪੈਂਸਰੀਆ ਖੋਲੀਆ ਜਾਣੀਆਂ ਹਨ ਉਹ ਸਾਰੀਆ ਸਲਮ ਏਰੀਏ ਵਿੱਚ ਖੋਲੀਆ ਜਾਣ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਮਰੀਜਾ ਨੂੰ ਬਿਨਾ ਮਤਲਬ ਤੋ ਪੀ.ਜੀ.ਆਈ. ਚੰਡੀਗੜ ਰੈਫਰ ਨਾ ਕੀਤਾ ਜਾਵੇ। ਲੋੜ ਮੁਤਾਬਿਕ ਮਰੀਜਾ ਨੂੰ ਸੈਕਟਰ-16 ਜਨਰਲ ਹਸਪਤਾਲ ਜਾਂ ਸੈਕਟਰ 32 ਜੀ.ਐਮ.ਸੀ.ਐਚ ਵਿੱਚ ਰੈਫਰ ਕੀਤਾ ਜਾ ਸਕਦਾ ਹੈ।ਬਹੁਤ ਜਿਆਦਾ ਗੰਭੀਰ ਕੇਸਾਂ ਨੂੰ ਹੀ ਪੀ.ਜੀ.ਆਈ ਰੈਫਰ ਕੀਤਾ ਜਾਵੇ। ਇਸ ਨਾਲ ਮਰੀਜ ਨੂੰ ਸਹੀ ਸਮੇ ਤੇ ਸਹੀ ਇਲਾਜ ਮਿਲ ਸਕੇਗਾ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਜਿਥੇ-ਜਿਥੇ ਨਵੇ ਪੱਦ-ਉੱਨਤ ਹੋਏ ਐਸ.ਐਮ.ਓ ਨੇ ਜੁਆਇਨ ਨਹੀਂ ਕੀਤਾ ਉਸ ਦੀ ਰਿਪੋਰਟ ਤੁਰੰਤ ਮੁੱਖ ਦਫ਼ਤਰ ਭੇਜੀ ਜਾਵੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

## ਐਮ.ਡੀ, ਐਨ.ਐਚ.ਐਮ/ਪੀ.ਐਚ.ਐਸ.ਸੀ- ਸ੍ਰੀ ਹੁਸਨ ਲਾਲ ਆਈ.ਏ.ਐਸ

- ਮਹੀਨਾ ਸਤੰਬਰ 2016 ਦੇ ਅੱਧ ਵਿੱਚ ਸਿਹਤ ਜਾਗਰੂਕਤਾ ਮੁਹਿੰਮ ਸ਼ੁਰੂ ਹੋਣ ਜਾ ਰਹੀ ਹੈ। ਇਸ ਸੰਬੰਧੀ ਮਾਈਕਰੋ-ਪਲਾਨ ਤਿਆਰ ਕਰ ਲਏ ਜਾਣ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੌਰਾਨ ਸਿਹਤ ਜਾਗਰੂਕਤਾ ਮੁਹਿੰਮ ਦਾ ਮਾਈਕਰੋ-ਪਲਾਨ ਸਾਂਝਾ ਕੀਤਾ ਜਾਵੇ। ਹਰ ਹੈਲਥ ਬਲਾਕ ਨੂੰ ਇੱਕ ਵੈਨ ਮੁਹੱਇਆ ਕਰਵਾਈ ਜਾਵੇਗੀ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ, ਮੁੱਖ ਮੰਤਰੀ ਹੈਪਾਟਾਈਟਸ-ਸੀ ਰਿਲੀਫ ਫੰਡ ਅਤੇ ਹੋਰ ਸਿਹਤ ਸਕੀਮਾ ਬਾਰੇ ਲੋਕਾ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਤਾਂ ਜੋ ਆਮ ਲੋਕਾ ਨੂੰ ਵੱਧ ਤੋਂ ਵੱਧ ਇਹਨਾ ਸਕੀਮਾ ਦਾ ਲਾਭ ਮਿਲ ਸਕੇ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਿਹਤ ਸੰਸਥਾਵਾ/ਹਸਪਤਾਲਾਂ ਵਿੱਚ ਲਾਈਟ ਦਾ ਵਧੀਆ ਪ੍ਰਬੰਧ ਹੋਣਾ ਜਰੂਰੀ ਹੈ। ਖ਼ਾਸ ਕਰਕੇ ਲੇਬਰ ਰੂਮ, ਬਰਾਂਡਾ ਅਤੇ ਮੁਰਦਾਘਰ ਵਿੱਚ ਲਾਈਟ ਦਾ ਸਹੀ ਤਰੀਕੇ ਨਾਲ ਪ੍ਰਬੰਧ ਹੋਣਾ ਚਾਹੀਦਾ ਹੈ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਰਕਾਰੀ ਪੱਧਰ ਤੇ ਗਾਈਨੋਕੋਲੋਜਿਸਟ ਨੂੰ ਅਲਟਰਾਸਾਊਂਡ ਮਸ਼ੀਨਾ ਦਿੱਤੀਆ ਜਾਣਗੀਆ। ਗਰਭਵਤੀ ਔਰਤਾ ਦਾ ਚੈੱਕ-ਅੱਪ ਕਰਦੇ ਸਮੇ ਹਰ ਵਾਰੀ ਅਲਟਰਾਸਾਊਂਡ ਜਰੂਰੀ ਨਹੀ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਹੈਪੇਟਾਈਟਸ-ਸੀ ਦੀ ਦਵਾਈਆ ਦੀ ਉਪਲੱਬਧਤਾ ਹਰ ਸਮੇਂ ਯਕੀਨੀ ਬਣਾਈ ਜਾਵੇ।ਹੈਪੇਟਾਈਟਸ-ਸੀ ਦੀਆ ਦਵਾਈਆ ਦੀ ਘਾਟ ਨਹੀ ਹੈ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**

- ਸਾਲ 2014-15 ਦੀ BPSSBY ਦੀ ਕੋਈ ਆਊਟਸਟੈਂਡਿੰਗ ਪੈਂਡਿੰਗ ਨਹੀ ਹੈ। ਇਸ ਸਾਲ 2015-16 ਦੇ ਕੇਸ ਵੀ ਚੈੱਕ ਕਰ ਲਏ ਜਾਣ। ਮਾਰਚ 2016 ਤੋ ਪਹਿਲਾ ਦੀ ਆਊਟਸਟੈਂਡਿੰਗ ਨਹੀਂ ਹੋਣੀ ਚਾਹੀਦੀ।

**(ਸਮੂਹ ਸਿਵਲ ਸਰਜਨ ਕਾਰਵਾਈ ਕਰਨ)**ਖ਼

## ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ– ਡਾ: ਹਰਿੰਦਰਪਾਲ ਸਿੰਘ ਬਾਲੀ

- 25 ਅਗਸਤ ਤੋ 8 ਸਤੰਬਰ 2016 ਤੱਕ ਆਈ ਡੋਨੇਸਨ ਫੋਰਟਨਾਈਟ ਚਲਾਈ ਜਾਵੇਗੀ। ਇਸ ਸੰਬੰਧੀ IEC/BCC ਗਤੀਵਿਧੀਆ ਕਰਵਾਈਆ ਜਾਣ। ਪੋਸਟਰ, ਬੈਨਰ, ਬਲਕ ਐਸ.ਐਮ.ਐਸ ਭੇਜੇ ਜਾਣਗੇ। 29 ਅਤੇ 30 ਅਗਸਤ 2016 ਨੂੰ ਮੈਡੀਕਲ ਕਾਲਜਾ, ਜ਼ਿਲ੍ਹਾ ਹਸਪਤਾਲਾਂ, ਐਸ.ਡੀ.ਐਚ ਵਿੱਚ ਅੱਖਾਂ ਦੇ ਕੈਂਪ ਲਗਾਏ ਜਾਣਗੇ। ਇਸ ਸੰਬੰਧੀ ਫੰਡ ਜ਼ਿਲ੍ਹਿਆ ਨੂੰ ਟਰਾਂਸਫਰ ਕਰ ਦਿਤੇ ਗਏ ਹਨ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਕਾਰਨੀਆ ਡੋਨੇਸਨ ਬਾਰੇ ਲੋਕਾ ਨੂੰ ਵੱਧ ਤੋ ਵੱਧ ਜਾਗਰੂਕ ਕੀਤਾ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਆਈ.ਓ.ਐਲ ਲਗਾਉਣ ਦਾ ਕੰਮ ਘੱਟ ਹੈ। ਇਸ ਵਿੱਚ ਤੁਰੰਤ ਸੁਧਾਰ ਕੀਤਾ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਿਹਤ ਸੰਸਥਾਵਾ/ਹਸਪਤਾਲਾਂ, ਦਫ਼ਤਰਾ ਵਿੱਚ ਕਰਮਚਾਰੀਆ ਅਤੇ ਅਧਿਕਾਰੀਆ ਦੀ ਹਾਜਰੀ ਸਮੇਂ ਸਿਰ ਯਕੀਨੀ ਬਣਾਈ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਮਹੂ ਸਿਵਲ ਸਰਜਨ ਅਤੇ ਐਸ.ਐਮ.ਓ ਦੁਆਰਾ ਆਪਣਾ ਹੈਡਕੁਆਟਰ ਮੇਨਟੇਨ ਕਰਨਾ ਯਕੀਨੀ ਬਣਾਈਆ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਹਸਪਤਾਲਾਂ ਅੱਗੇ ਵੱਡੇ ਗਲੋ ਬੋਰਡ ਲਗੇ ਹੋਣੇ ਚਾਹੀਦੇ ਹਨ। ਅਤੇ ਨਵੇ ਪੋਸਟਰ ਲਗਾਏ ਜਾਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਿਹਤ ਸੰਸਥਾਵਾ/ਹਸਪਤਾਲਾਂ ਦੀ ਬਾਊਂਡਰੀ ਵਾਲ ਦਾ ਆਲਾ ਦੁਆਲਾ ਸਾਫ ਕਰਵਾਇਆ ਜਾਵੇ ਅਤੇ ਕਲੀ ਕਰਵਾਈ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਿਹਤ ਸੰਸਥਾਵਾ/ਹਸਪਤਾਲਾਂ ਵਿੱਚ ਪੀਣ ਵਾਲੇ ਪਾਣੀ ਲਈ ਚੰਗੇ ਆਰ.ਓ ਸਿਸਟਮ ਲੱਗੇ ਹੋਣੇ ਚਾਹੀਦੇ ਹਨ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਮੁਰਦਾ-ਘਰ ਵਿੱਚ ਡੀਪ ਫਰੀਜ਼ਰ ਚੰਗੀ ਤਰਾ ਚਲਦੇ ਹੋਣ। ਹਰ ਚਾਰ ਘੰਟੇ ਬਾਅਦ ਫਾਰਮਾਸਿਸਟ ਡੀਪ ਫਰੀਜ਼ਰ ਨੂੰ ਚੈੱਕ ਕਰੇਗਾ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਾਲ 2015-16 ਦੀਆ ਸਾਲਾਨਾ ਗੁਪਤ ਰਿਪੋਰਟਾ ਮਿਤੀ 09-08-2016 ਨੂੰ ਸਾਮ ਚਾਰ ਵਜੇ ਤੱਕ ਮੁੱਖ ਦਫ਼ਤਰ ਪਹੁੰਚ ਜਾਣੀਆ ਚਾਹੀਦੀਆ ਹਨ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- 31ਅਗਸਤ 2016 ਤੋ ਪਹਿਲਾ ਪਹਿਲਾ ਸਮੂਹ ਸਿਵਲ ਸਰਜਨ ਨਕਾਰਾ ਪਈਆ ਗੱਡੀਆ ਨੂੰ ਆਪਣੇ ਪੱਧਰ ਤੇ ਕੰਡਮ ਕਰ ਦੇਣ ਅਤੇ ਇਸ ਦੀ ਰਿਪੋਰਟ ਮੁੱਖ ਦਫ਼ਤਰ ਭੇਜੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਛੋਟੀ ਲੜਕੀਆ (0 ਤੋ 5 ਸਾਲ) ਦੇ ਮੁਫਤ ਇਲਾਜ ਲਈ ਉਹਨਾ ਦੇ ਪਰਿਵਾਰ ਤੋ ਕਿਸੇ ਕਿਸਮ ਦੀ ਦਵਾਈ ਬਾਹਰੋ ਨਾ ਮੰਗਵਾਈ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਹੁਣ ਤੱਕ ਡੇਂਗੂ ਦੇ ਕੁੱਲ 97 ਕੇਸ ਹੋਏ ਹਨ। ਡੇਂਗੂ ਸੰਬੰਧੀ IEC/BCC ਗਤੀਵਿਧੀਆ ਵਧਾਈਆ ਜਾਣ। ਪ੍ਰਾਈਵੇਟ ਹਸਪਤਾਲਾਂ ਕੋਲੋ ਵੀ ਡੇਂਗੂ ਦੀ ਰਿਪੋਰਟ ਲਈ ਜਾਵੇ। ਅਗਰ ਉਨਾ ਕੋਲ ਡੇਂਗੂ ਦਾ ਮਰੀਜ਼ ਨਾ ਹੋਣ ਤੇ ਵੀ ਉਨਾ ਕੋਲੋ ਨਿੱਲ ਰਿਪੋਰਟ ਲਈ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਮਲੇਰੀਆ ਦੇ ਹੁਣ ਤੱਕ 159 ਕੇਸ ਹੋਏ ਹਨ। ਜ਼ਿਲ੍ਹਿਆ ਵਿੱਚ ਮਲੇਰੀਏ ਦੇ ਕਿੰਨੇ ਮਰੀਜ਼ਾ ਦੀ ਜਾਂਚ ਕੀਤੀ ਹੈ, ਉਸ ਦੀ ਰਿਪੋਰਟ ਭੇਜਣੀ ਯਕੀਨੀ ਬਣਾਈ ਜਾਵੇ।ਮਲੇਰੀਆ ਦੇ ਕੇਸਾਂ ਸੰਬੰਧੀ ਚੌਕਸੀ ਵਰਤੀ ਜਾਵੇ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਵਾਈਨ ਫਲੂ ਸੰਬੰਧੀ ਵੀ ਅਗੇਤਰੇ ਪ੍ਰਬੰਧ ਕੀਤੇ ਜਾਣ।

  (ਸਮੂਹ ਸਿਵਲ ਸਰਜਨ ਕਾਰਵਾਈ ਕਰਨ)
- ਸਾਰੇ ਟੈਸਟ ਲੈਬ ਵਿੱਚ ਹੋਣੇ ਚਾਹੀਦੇ ਹਨ ਅਤੇ ਕਿਸੇ ਸਾਮਾਨ ਦੀ ਕਮੀ ਨਹੀਂ ਹੋਣੀ ਚਾਹੀਦੀ ਤਾਂ ਜੋ ਲੈਬ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- 19 ਡਾਕਟਰਾ ਦੇ ਬੈਂਚ ਮਾਰਕ ਘੱਟ ਪਾਏ ਗਏ ਹਨ। ਇਨ੍ਹਾ ਡਾਕਟਰਾ ਦੇ ਘੱਟ ਕੰਮ ਕਰਨ ਦੇ ਕਾਰਨ ਸਪੱਸਟ ਕੀਤੇ ਜਾਣ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਸਕੂਲਾ, ਕਾਲਜਾਂ ਦੇ 100 ਗਜ਼ ਦੇ ਏਰੀਏ ਵਿੱਚ ਤੰਬਾਕੂ ਦੀ ਕੋਈ ਦੁਕਾਨ, ਖੋਖਾ ਨਹੀਂ ਹੋਣਾ ਚਾਹੀਦਾ। ਇਸ ਸੰਬੰਧੀ 12 ਅਗਸਤ ਤੋ 31 ਅਗਸਤ ਤੱਕ Enforcement ਅਮਲ ਵਿੱਚ ਲਿਆਉਣ ਲਈ ਐਕਸਨ ਲਿਆ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

## ਡਾਇਰੈਕਟਰ, ਸਿਹਤ ਸਿਹਤ ਸੇਵਾਵਾਂ (ਪ.ਭ)– ਡਾ: ਧਰਮ ਪਾਲ

- ਹਰ ਇੱਕ ਗਰਭਵਤੀ ਔਰਤ ਦਾ ਚੈੱਕ-ਅੱਪ, ਮੈਡੀਕਲ ਸਪੈਸਲਿਸਟ ਡਾਕਟਰ ਤੋਂ ਵੀ ਹੋਣਾ ਯਕੀਨੀ ਬਣਾਇਆ ਜਾਵੇ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

- ਡੀਲਿਵਰੀ ਕੇਸ ਦੇ ਰੈਫਰਲ ਦੌਰਾਨ ਮਰੀਜ਼ ਦੇ ਨਾਲ ਇੱਕ ਅਟੈਂਡੇਟ ਭੇਜਿਆ ਜਾਵੇ ਤਾਂ ਜੋ ਜਣੇਪਾ ਕੇਸ ਬਾਰੇ ਅਟੈਂਡੇਟ ਸਹੀ ਸਥਿਤੀ ਅਤੇ ਕੇਸ ਬਾਰੇ ਸਮਝ ਸਕੇ, ਅਤੇ ਰੈਫਰਲ ਤੋਂ ਪਹਿਲਾ ਐਂਬੂਲੇਂਸ/ਗੱਡੀ ਦਾ ਪ੍ਰਬੰਧ ਕੀਤਾ ਜਾਵੇ ਅਤੇ ਰੈਫਰ ਕੀਤੀ ਗਈ ਸੰਸਥਾ ਨਾਲ ਰਾਬਤਾ ਕਾਇਮ ਕੀਤਾ ਜਾਵੇ ਕਿ ਜਿਸ ਮੰਤਵ ਲਈ ਮਰੀਜ਼ ਨੂੰ ਰੈਫਰ ਕੀਤਾ ਜਾ ਰਿਹਾ ਹੈ, ਹਰ ਪਖੋਂ ਉਹ ਮੰਤਵ ਪੂਰਾ ਹੋਣਾ ਚਾਹੀਦਾ ਹੈ, ਜਿਵੇਂ Specialist ਦੀ ਉਪਲਬਧੀ, ਸਾਜੋ ਸਮਾਨ ਇਤਯਾਦਿ।

(ਸਮੂਹ ਸਿਵਲ ਸਰਜਨ ਕਾਰਵਾਈ ਕਰਨ)

ਧੰਨਵਾਦ ਮਤੇ ਨਾਲ ਕਾਨਫਰੰਸ ਸਮਾਪਤ ਹੋਈ।

ਸਹੀ
ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ,
ਚੰਡੀਗੜ੍ਹ